# ਅਰਸਤੂ ਦਾ ਵਿਰੇਚਨ ਸਿਧਾਂਤ

ਵਿਰੇਚਨ / ਕਥਾਰਸਿਸ ਸ਼ਬਦ ਦਾ ਪ੍ਰਯੋਗ ਸਭ ਤੋਂ ਪਹਿਲਾਂ ਯੂਨਾਨੀ ਦਾਰਸ਼ਨਿਕ ਅਰਸਤੂ ਨੇ ਦੁਖਾਂਤ ਦੇ ਲੱਛਣ ਅਤੇ ਗੁਣ ਨੂੰ ਨਿਰਧਾਰਿਤ ਕਰਦੇ ਹੋਏ ਕੀਤਾ। ਪਾਠਕ ਜਾਂ ਦਰਸ਼ਕ ਦੇ ਮਨ ਤੇ ਦੁਖਾਂਤ ਦਾ ਜਿਹੜਾ ਪ੍ਰਭਾਵ ਪੈਂਦਾ ਹੈ, ਉਸ ਦਾ ਵਿਰੇਚਨ ਕਰਦੇ ਹੋਏ ਅਰਸਤੂ ਨੇ ਆਪਣੀ ਰਚਨਾ 'ਪੋਇਟਿਕਸ' ਵਿਚ ਲਿਖਿਆ ਹੈ ਕਿ,①

> "ਦੁਖਾਂਤ ਦੀ ਕਿਰਿਆ ਦਇਆ ਅਤੇ ਡਰ ਦੀਆਂ ਭਾਵਨਾਵਾਂ ਨੂੰ ਉਜਾਗਰ ਕਰਕੇ ਅਜਿਹੀਆਂ ਦਇਆ ਅਤੇ ਡਰ ਦੀਆਂ ਭਾਵਨਾਵਾਂ ਦਾ ਨਿਕਾਸ ਕਰਦੀ ਹੈ। ਇਸ ਤਰ੍ਹਾਂ ਦੁਖਾਂਤ ਦਰਸ਼ਕਾਂ ਦੇ ਦੁਖਾਂਤਕ ਸੰਬੰਧਿਆਂ ਲਈ ਨਿਕਾਸ ਦਾ ਮਾਰਗ ਪ੍ਰਦਾਨ ਕਰਦਾ ਹੈ।"

(ਪੰਜਾਬੀ ਸਾਹਿਤ ਕੋਸ਼: ਪਰਿਭਾਸ਼ਿਕ ਸ਼ਬਦਾਵਲੀ, ਡਾ. ਰਤਨ ਸਿੰਘ ਜੱਗੀ)

ਅਸਲ ਵਿੱਚ ਜਿਸ ਪ੍ਰਕਾਰ ਪਲੈਟੋ ਦੇ ਵਿਚਾਰ ਹਨ ਕਿ ਕਵਿਤਾ 'ਨਕਲ ਦੀ ਨਕਲ' ਹੈ, ਨੂੰ ਅਰਸਤੂ ਨੇ ਕਵਿਤਾ ਨੂੰ ਵਿਆਪੀ ਮਨ ਦਾ ਪ੍ਰਗਟਾਵਾ ਆਖਿਆ ਹੈ, ਉਸੇ ਤਰ੍ਹਾਂ ਕਥਾਰਸਿਸ ਦਾ ਸਿਧਾਂਤ ਪੇਸ਼ ਕਰਕੇ ਅਰਸਤੂ ਨੇ ਪਲੈਟੋ ਦੇ ਇਸ ਵਿਚਾਰ ਖੰਡਨ ਕੀਤਾ ਹੈ ਕਿ,

> "ਕਵਿਤਾ ਕੋਝੀਆਂ ਭਾਵਨਾਂਵਾ ਨੂੰ ਉਤੇਜਿਤ ਕਰਕੇ ਨੈਤਿਕ ਮਤਰ ਨੂੰ ਕਮਜ਼ੋਰ ਕਰਦੀ ਹੈ।"

ਲੈਸਿੰਗ ਦੇ ਅਨੁਸਾਰ,

> "ਵਿਰੇਚਨ / ਕਥਾਰਸਿਸ ਸਿਧਾਂਤ ਨੂੰ ਭਾਵਨਾਵਾਂ ਦੇ ਸ਼ੁੱਧੀਕਰਣ ਦੇ ਅਰਥ ਵਿਚ ਵਰਤਿਆ। ਉਸ ਅਨੁਸਾਰ ਦੁਖਾਂਤ ਭਾਵਾਂ ਨੂੰ ਸੁਤੰਤਰ ਕਰਦਾ ਹੈ।"

ਅਰਸਤੂ ਦੇ ਤ੍ਰਾਸਦੀ ਸਿਧਾਂਤ ਦੇ ਪ੍ਰਸੰਗ ਵਿਚ ਵੀ ਵਿਰੇਚਨ ਸਿਧਾਂਤ ਦਾ ਜ਼ਿਕਰ ਆਉਂਦਾ ਹੈ। ਇਸ (ਤ੍ਰਾਸਦੀ) ਦੇ ਸਿਧਾਂਤ ਦਾ ਪਿਛੋਕੜ ਹੀ ਇਸਦੇ ('ਵਿਰੇਚਨ') ਹੋਂਦ ਵਿਚ ਆਉਣ ਦਾ ਕਾਰਨ ਬਣਿਆ। ਅਰਸਤੂ ਨੇ 'ਤ੍ਰਾਸਦੀ' ਦੇ ਉਦੇਸ਼ ਸੰਬੰਧੀ ਆਪਣੇ ਵਿਚਾਰ ਵਿਅਕਤ ਕਰਦਿਆਂ ਆਖਿਆ ਹੈ:(4)

> "ਕਰੁਣਾ ਤੇ ਤ੍ਰਾਸ ਦੇ ਭਾਵਾਂ ਨੂੰ ਜਗਾ ਕੇ ਉਨਾਂ ਦਾ ਉਚਿਤ ਵਿਰੇਚਨ ਕਰਨਾ ਤ੍ਰਾਸਦੀ ਦਾ ਮਕਸਦ ਹੁੰਦਾ ਹੈ।"

ਕਰੁਣਾ ਤੇ ਤ੍ਰਾਸ ਦੇ ਭਾਵ ਮਨੁੱਖ ਲਈ ਨੁਕਸਾਨਦੇਹ ਹੁੰਦੇ ਹਨ ਅਤੇ ਇਨ੍ਹਾਂ ਮਾੜੇ ਪ੍ਰਭਾਵ ਵਾਲੇ ਭਾਵਾਂ ਦਾ ਤ੍ਰਾਸਦੀ ਵਿਰੇਚਨ ਕਰਦੀ ਹੈ। ਇਸ ਤਰ੍ਹਾਂ ਤ੍ਰਾਸਦੀ ਦੁਆਰਾ ਮਨੁੱਖ ਜਿਥੇ ਇਨ੍ਹਾਂ ਭਾਵਾਂ ਦੇ ਮਾੜੇ ਅਸਰ ਤੋਂ ਮੁਕਤ ਹੁੰਦਾ ਹੈ ਉਥੇ ਉਸ ਨੂੰ ਅਨੰਦ ਦੀ ਪ੍ਰਾਪਤੀ ਵੀ ਹੁੰਦੀ ਹੈ।

ਅਰਸਤੂ ਨੇ ਵਿਰੇਚਨ ਸ਼ਬਦ ਦੀ ਵਰਤੋਂ 'ਰਾਜਨੀਤੀ' ਅਤੇ 'ਕਾਵਿ ਸ਼ਾਸਤਰ' ਦੋ ਗ੍ਰੰਥਾਂ ਵਿਚ ਕੀਤੀ ਹੈ। ਅਰਸਤੂ ਰਾਜਨੀਤੀ ਵਿਚ ਸੰਗੀਤ ਦੇ ਪ੍ਰਭਾਵ ਦਾ ਵਰਣਨ ਕਰਦਾ ਹੋਇਆ ਲਿਖਦਾ ਹੈ ਕਿ ਸੰਗੀਤ ਦਾ ਅਧਿਐਨ ਇਕ ਨਹੀਂ ਸਗੋਂ ਕਈ ਉਦੇਸ਼ਾ ਦੀ ਸਿਧੀ ਲਈ ਕੀਤਾ ਜਾਂਦਾ ਹੈ। ਜਿਵੇਂ: ਸਿਖਿਆ ਲਈ, ਵਿਰੇਚਨ ਲਈ, ਬੌਧਿਕ ਅਨੰਦ ਦੀ ਪ੍ਰਾਪਤੀ ਲਈ। 'ਕਾਵਿ ਸ਼ਾਸਤਰ' ਵਿਚ ਅਰਸਤੂ ਵਿਰੇਚਨ ਸ਼ਬਦ ਦਾ ਪ੍ਰਯੋਗ ਕਰਦਾ ਹੋਇਆ ਲਿਖਦਾ ਹੈ,(5)

> "ਤ੍ਰਾਸਦੀ ਕਿਸੇ ਗੰਭੀਰ ਮੁਕੰਮਲ ਅਤੇ ਨਿਸ਼ਚਿਤ ਅਕਾਰ ਵਾਲੇ ਕਾਰਜ ਦੀ ਅਨੁਕ੍ਰਿਤੀ ਦਾ ਨਾਮ ਹੈ...... ਜਿਸ ਵਿਚ ਕਰੁਣਾ ਅਤੇ ਤ੍ਰਾਸ ਰਾਹੀਂ ਇਨਾਂ ਮਨੋਵਿਕਾਰਾਂ ਦਾ ਉਚਿਤ ਵਿਰੇਚਨ ਕੀਤਾ ਜਾਂਦਾ ਹੈ।"

ਪਲੈਟੋ ਇਹ ਮੰਨਦਾ ਹੈ ਕਿ ਕਵਿਤਾ ਮਾੜੀਆਂ ਵਾਸਨਾਵਾਂ ਦਾ ਦਮਨ (ਵਿਨਾਸ਼) ਕਰਨ ਦੀ ਥਾਂ ਉਹਨਾਂ ਦਾ ਪਾਲਣ-ਪੋਸ਼ਣ ਕਰਦੀ ਹੈ। ਅਤੇ ਉਨਾਂ ਨੂੰ ਭੜਕਾਉਂਦੀ ਹੈ। ਅਰਸਤੂ ਨੇ ਆਪਣੇ ਗੁਰੂ ਪਲੈਟੋ ਦੀ ਇਸ ਮਾਨਤਾ ਦਾ ਖੰਡਨ ਕਰਦਿਆਂ ਹੋਇਆ ਇਹ ਧਾਰਨਾ ਪੇਸ਼ ਕੀਤੀ ਹੈ ਕਿ ਕਵਿਤਾ ਅਨੰਦ ਪ੍ਰਾਪਤੀ ਦਾ ਸਾਧਨ ਹੁੰਦਾ ਹੈ। ਇਸੇ ਪ੍ਰਸੰਗ ਵਿਚ ਹੀ ਉਸਨੇ ਵਿਰੇਚਨ ਸ਼ਬਦ ਵਰਤਿਆ ਹੈ।

ਅਰਸਤੂ ਦੇ ਦਿਮਾਗ ਅੰਦਰ ਵਿਰੇਚਨ ਸਿਧਾਂਤ ਦਾ ਵਿਚਾਰ ਚਕਿਤਸਾ ਸ਼ਾਸਤਰ ਦੀ ਬਦੌਲਤ ਉਦੈ ਹੋਇਆ। ਅਸਲ ਵਿਚ ਵਿਰੇਚਨ (Catharsis) ਸ਼ਬਦ ਯੂਨਾਨੀ ਚਕਿਤਸਾ ਪ੍ਰਣਾਲੀ ਦਾ ਸ਼ਬਦ ਹੈ। ਜਿਸ ਦਾ ਅਰਥ 'ਰੋਗ ਨਾਸ਼ਕ ਦਵਾਈ' ਨਾਲ ਸਰੀਰ ਦੇ ਵਿਕਾਰਾਂ ਦੀ ਸੁੱਧੀ ਹੈ। ਵਿਰੇਚਨ ਬਾਰੇ ਇਸ ਸ਼ਬਦ ਤੋ ਸਪਸ਼ਟ ਹੈ ਕਿ ਯੂਨਾਨੀ ਚਕਿਤਸਾ ਵਿਚ ਇਹ ਅਰਸਤੂ ਤੋਂ ਪਹਿਲਾ ਪ੍ਰਚੱਲਿਤ ਸੀ। ਇਸ ਦ੍ਰਿਸ਼ਟੀ ਅਨੁਸਾਰ ਸਿਹਤ ਵਿਚ ਬਾਹਰਲੇ ਅਣਲੋੜੀਂਦੇ ਵਿਗਾੜ ਪੈਦਾ ਕਰਨ ਵਾਲੇ ਪਦਾਰਥਾਂ ਦੇ ਆ ਜਾਣ ਕਾਰਨ ਜਦੋ ਸਰੀਰ ਦਾ ਅੰਦਰੂਨੀ ਪ੍ਰਬੰਧ ਵਿਗੜ ਜਾਂਦਾ ਹੈ ਤਾ ਅਜਿਹੀ ਸਥਿਤੀ ਵਿਚ ਯੂਨਾਨੀ ਹਕੀਮ ਰੇਚਕ ਦਵਾਈ ਦੇ ਕੇ ਗੜਬੜ ਪੈਦਾ ਕਰਨ ਵਾਲੇ ਪਦਾਰਥਾਂ ਨੂੰ ਸਰੀਰ ਵਿਚੋਂ ਬਾਹਰ ਕੱਢ ਦਿੰਦੇ ਹਨ। ਇਸ ਨਾਲ ਰੋਗੀ ਅਰੋਗ ਹੁੰਦਾ ਹੈ। ਇਕ ਵੈਦ ਦਾ ਪੁੱਤਰ ਹੋਣ ਕਰਕੇ ਅਰਸਤੂ ਨੂੰ ਇਸ ਬਾਰੇ ਪੂਰਨ ਗਿਆਨ ਸੀ।

ਵਿਰੇਚਨ ਸ਼ਬਦ ਦੀ ਤਿੰਨ ਤਰ੍ਹਾਂ ਨਾਲ ਭਿੰਨ ਦ੍ਰਿਸ਼ਟੀਆਂ ਤੋ ਵਿਆਖਿਆ ਕੀਤੀ ਗਈ ਹੈ:

੧. ਧਰਮ ਸੰਬੰਧੀ ਵਿਆਖਿਆ
੨. ਨੀਤੀ ਸੰਬੰਧੀ ਵਿਆਖਿਆ
3. ਕਲਾ ਸੰਬੰਧੀ ਵਿਆਖਿਆ

## ਙ. ਧਰਮ ਸੰਬੰਧੀ ਵਿਆਖਿਆ :–

ਪ੍ਰੋ. ਗਿਲਬਰਟ ਮਰੇ ਨੇ ਧਰਮ ਸੰਬੰਧੀ ਵਿਆਖਿਆ ਨੂੰ ਖਾਸ ਯੂਨਾਨੀ ਧਾਰਮਿਕ ਪਿਛੋਕੜ ਵਿਚ ਵਿਚਾਰਿਆ ਹੈ। ਉਹਨਾਂ ਦੇ ਅਨੁਸਾਰ ਯੂਨਾਨ ਵਿਚ ਡਾਇਓਨੀਸ਼ੀਅਸ ਨਾਮੀ ਦੇਵਤੇ ਨਾਲ ਸੰਬੰਧਿਤ ਉਤਸਵ ਆਪਣੇ ਆਪ ਵਿਚ ਇਕ ਪ੍ਰਕਾਰ ਦੀ ਸ਼ੁਧੀ ਦਾ ਪ੍ਰਤੀਕ ਸੀ।

**ਪ੍ਰੋ. ਗਿਲਬਰਟ ਮਰੇ ਅਨੁਸਾਰ,[6]**

> "ਹਾਲ ਦੀ ਸਥਿਤੀ ਤੋਂ ਉਤਪੰਨ ਆਵੇਸ਼ ਨੂੰ ਸ਼ਾਂਤ ਕਰਨ ਲਈ ਯੂਨਾਨ ਵਿੱਚ ਭੜਕੀਲੇ ਸੰਗੀਤ ਦਾ ਉਪਯੋਗ ਹੁੰਦਾ ਹੈ। ਬਾਹਰਲੇ ਵਿਕਾਰਾਂ ਸਹਿਤ ਅੰਦਰਲੇ ਵਿਕਾਰਾਂ ਦੀ ਸ਼ਾਂਤੀ ਦਾ ਇਹ ਉਪਾਅ ਅਰਸਤੂ ਦੇ ਵੇਲੇ ਧਾਰਮਿਕ ਸੰਸਥਾਵਾਂ ਵਿਚ ਕਾਫੀ ਪ੍ਰਚਲਿਤ ਸੀ।"

ਇਸ ਤਰ੍ਹਾਂ ਉਪਰੋਕਤ ਵਿਚਾਰ ਅਨੁਸਾਰ ਵਿਰੇਚਨ ਦਾ ਮਤਲਬ ਹੈ ਬਾਹਰਲੀ ਉਤੇਜਨਾ ਸਹਿਤ ਆਤਮਿਕ ਸ਼ੁਧੀ ਤੇ ਸ਼ਾਂਤੀ ਹਾਸਿਲ ਹੋਣੀ।

ਧਾਰਮਿਕ ਦ੍ਰਿਸ਼ਟੀ ਤੋਂ ਵਿਰੇਚਨ ਦੇ ਅਰਥ ਅਰਸਤੂ ਨੇ ਆਪਣੀ ਪੁਸਤਕ 'ਰਾਜਨੀਤੀ' ਵਿਚ ਪ੍ਰਗਟਾਏ ਹਨ। ਉਹਨਾਂ ਅਨੁਸਾਰ ਸੰਗੀਤ ਤੋਂ ਬੌਧਿਕ ਅਨੰਦ ਦੀ ਪ੍ਰਾਪਤੀ ਹੁੰਦੀ ਹੈ, ਸੰਗੀਤ ਸੁਣਨ ਵੇਲੇ ਕੁਝ ਵਿਅਕਤੀ ਬਹੁਤ ਆਵੇਸ਼ ਵਿਚ ਆ ਜਾਂਦੇ ਹਨ ਅਤੇ ਇਹ ਆਵੇਸ਼ ਉਹਨਾਂ ਨੂੰ 'ਹਾਲ' ਦੀ ਸਥਿਤੀ ਵਿਚ ਲੈ ਜਾਂਦਾ ਹੈ, ਜਿਸ ਨਾਲ ਉਨਾਂ ਦੀ ਮਨੋ-ਸਥਿਤੀ ਦਾ ਸੰਗੀਤ ਨਾਲ ਵਿਰੇਚਨ ਹੋ ਜਾਂਦਾ ਹੈ।

## 2) ਨੀਤੀ ਸੰਬੰਧੀ ਵਿਆਖਿਆ :-

'ਬਾਰਨੇਜ਼' ਨਾਮ ਦੇ ਜਰਮਨੀ ਵਿਦਵਾਨ ਨੇ ਵਿਰੇਚਨ ਦਾ ਨੀਤੀ ਸੰਬੰਧੀ ਅਰਥ ਕੱਢਿਆ ਹੈ। ਉਨਾਂ ਅਨੁਸਾਰ ਮਨੁੱਖੀ ਮਨ ਅਨੇਕ ਮਨੋ ਵਿਕਾਰਾਂ ਨਾਲ ਘਿਰਿਆ ਹੋਇਆ ਹੈ। ਜਿਸ ਵਿਚੋਂ ਕਰੁਣਾ ਅਤੇ ਭੈਅ ਵਧੇਰੇ ਦੁਖਦਾਈ ਅਤੇ ਖਤਰਨਾਕ ਹੁੰਦੇ ਹਨ। ਤ੍ਰਾਸਦੀ ਰੰਗਮੰਚ ਉਪਰ ਅਸਵਾਸਤਵਿਕ ਪ੍ਰਸਥਿਤੀਆਂ ਰਾਹੀਂ ਦਰਸ਼ਕ ਦੇ ਮਨ ਵਿਚ ਵਾਸਨਾ ਰੂਪ ਵਿਚ ਟਿਕੇ ਇਹਨਾ ਮਨੋਵੇਗਾ ਦੇ ਵੇਗ ਨੂੰ ਕੱਢਦੀ ਹੈ ਅਤੇ ਸੰਤੋਖ ਸਥਾਪਿਤ ਕਰਦੀ ਹੈ। ਬਾਰਨੇਜ਼ ਦੇ ਅਨੁਸਾਰ,[7]

> "ਵਿਰੇਚਨ ਦਾ ਅਰਥ ਹੈ ਭਾਵਕ ਉਤੇਜਨਾ ਅਤੇ ਅੰਤ ਵਿਚ ਉਸ ਰਾਹੀ ਆਤਮਿਕ ਸ਼ਾਂਤੀ ਤੇ ਸ਼ੁੱਧੀ ਦਾ ਪ੍ਰਾਪਤ ਹੋਣਾ।"

ਮਾਨਸਿਕ ਤੰਦਰੁਸਤੀ ਦੇ ਸਾਧਕ ਵਜੋਂ ਇਹ ਪੱਧਤੀ ਨੈਤਿਕ ਸਮਝੀ ਜਾਂਦੀ ਹੈ।

## 3) ਕਲਾ ਸੰਬੰਧੀ ਵਿਆਖਿਆ :-

ਵਿਰੇਚਨ ਦੀ ਕਲਾ ਸੰਬੰਧੀ ਵਿਆਖਿਆ ਕਰਨ ਵਾਲਿਆਂ ਵਿਚ 'ਪ੍ਰੋ. ਬੁੱਚਰ' ਦਾ ਨਾਂ ਵਿਸ਼ੇਸ਼ ਤੌਰ ਤੇ ਜ਼ਿਕਰਯੋਗ ਹੈ। ਆਪ ਆਪਣੀ ਪੁਸਤਕ 'ਅਰਿਸਟੋਟਲਸ ਥਿਊਰੀ ਆਫ਼ ਪੋਇਟਰੀ ਐਂਡ ਆਰਟ' ਵਿਚ ਲਿਖਦੇ ਹਨ,[8]

> "ਇਸ ਸ਼ਬਦ ਦਾ, ਜਿਸ ਰੂਪ ਵਿਚ ਅਰਸਤੂ ਨੇ ਆਪਣੀ ਕਲਾ ਦੀ ਸ਼ਬਦਾਵਲੀ ਵਿਚ ਗ੍ਰਹਿਣ ਕੀਤਾ ਹੈ,

ਹੋਰ ਵੀ ਵਧੇਰੇ ਅਰਥਾਂ ਨੂੰ ਰੂਪਮਾਨ ਕਰਦਾ ਹੈ। ਇਹ ਕੇਵਲ ਮਨੋਵਿਗਿਆਨ, ਅਥਵਾ ਚਿਕਿਤਸਾ-ਸ਼ਾਸਤਰ ਦੇ ਇੱਕ ਤੱਥ ਵਿਸ਼ੇਸ਼ ਦਾ ਵਾਚਕ ਨਾ ਹੋ ਕੇ, ਇਸ ਕਲਾ ਸਿਧਾਂਤ ਦਾ ਲਖਾਇਕ ਹੈ!

ਇਸ ਤਰ੍ਹਾਂ ਪ੍ਰੋ. ਬੁੱਚਰ ਸਪਸ਼ਟ ਸ਼ਬਦਾਂ ਵਿਚ ਆਖ ਰਹੇ ਹਨ ਕਿ ਵਿਰੇਚਨ ਦਾ ਕੇਵਲ ਚਕਿਤਸਾ ਸ਼ਾਸਤਰੀ ਅਰਥ ਕਰਨਾ ਅਰਸਤੂ ਦੇ ਕਾਵਿ ਮਤਵ ਨੂੰ ਸੀਮਿਤ ਕਰਨ ਦੇ ਤੁੱਲ ਹੈ! ਉਨ੍ਹਾਂ ਅਨੁਸਾਰ ਤ੍ਰਾਸਦੀ ਦਾ ਕੰਮ ਕੇਵਲ ਕਰੁਣਾ ਤੇ ਤ੍ਰਾਸ ਦੇ ਭਾਵਾਂ ਲਈ ਪੰਸ਼ਕਾਰੀ ਸਾਧਿਅਮ ਪ੍ਰਦਾਨ ਕਰਨਾ ਨਹੀਂ ਸਗੋਂ ਇਨ੍ਹਾਂ ਭਾਵਾਂ ਨੂੰ ਇਕ ਕਲਾਤਮਕ ਸੱਚੇ ਵਿਚ ਢਾਲ ਕੇ ਸ਼ੁੱਧ ਤੇ ਸਾਫ਼ ਕਰਨਾ ਵੀ ਹੈ! ਸਪਸ਼ਟ ਹੈ ਕਿ ਪ੍ਰੋ. ਬੁੱਚਰ ਦਾ ਮੱਤ ਵਿਰੇਚਨ ਨੂੰ ਕਲਾ ਦੇ ਖੇਤਰ ਨਾਲ ਸੰਬੰਧਿਤ ਕਰਨ ਦੀ ਵਕਾਲਤ ਕਰਦਾ ਹੈ।

ਆਪਣੇ ਅਨੁਕਰਣ ਦੀ ਸੰਗ ਨੇ ਅਰਸਤੂ ਨੇ ਵਿਰੇਚਨ ਸਿਧਾਂਤ ਦਾ ਪ੍ਰਤਿਪਾਦਨ ਵੀ ਪਲੈਟੋ ਦੇ ਆਖੇਪ ਦੇ ਪ੍ਰਤੀਵਾਦ ਰੂਪ ਵਿਚ ਕੀਤਾ ਹੈ। ਪਲੈਟੋ ਨੇ ਕਾਵਿ ਉਪਰ ਇਹ ਦੋਸ਼ ਲਗਾਇਆ ਹੈ ਕਿ ਕਵਿਤਾ ਸਾਡੀਆਂ ਵਾਸ਼ਨਾਵਾਂ ਦਾ ਦਮਨ ਕਰਨ ਦੀ ਥਾਂ ਉਨ੍ਹਾਂ ਦਾ ਪੋਸ਼ਣ ਤੇ ਸਿੰਚਣ ਕਰਦੀ ਹੈ। ਪ੍ਰੰਤੂ ਅਰਸਤੂ ਨੇ ਇਸ ਤੱਤ ਦਾ ਉਤਰ ਦਿੰਦਿਆਂ ਹੋਇਆ ਕਿਹਾ ਹੈ ਕਿ ਤ੍ਰਾਸਦੀ ਵਿਚ ਕਰੁਣ ਤੇ ਤ੍ਰਾਸ ਦੇ ਦੁਆਰਾ ਇਨ੍ਹਾਂ ਮਨੋਵਿਕਾਰਾਂ ਦਾ ਉਚਿਤ ਵਿਰੇਚਨ ਕੀਤਾ ਜਾਂਦਾ ਹੈ!

ਅਰਸਤੂ ਦੇ ਵਿਰੇਚਨ/ਕਥਾਰਸਿਸ ਸਿਧਾਂਤ ਉਤੇ ਕਈ ਵਿਦਵਾਨਾਂ ਨੇ ਸਵਾਲ ਉਠਾਏ! ਵਿਦਵਾਨਾਂ ਦੀ ਇਕ ਸ਼੍ਰੇਣੀ ਮੰਨਦੀ ਹੈ ਕਿ ਅਰਸਤੂ ਜਿਸ ਵਿਰੇਚਨ ਦੀ ਗੱਲ ਕਰਦਾ ਹੈ ਉਸਦਾ ਅਸਲ ਵਿਚ ਕੋਈ ਵਜੂਦ ਨਹੀਂ ਹੈ! ਪਰ ਅਰਸਤੂ

ਦੀ ਪਰਿਭਾਸ਼ਾ ਅਨੁਸਾਰ ਤ੍ਰਾਸ ਅਤੇ ਕਰੁਣਾ ਦੋਵੇਂ ਹੀ ਬੜੇ ਦੁਖਦਾਈ ਭਾਵ ਹਨ। ਦੋਹਾਂ ਵਿਚ ਹੀ ਅਨਿਸ਼ਟਕ ਦੀ ਭਾਵਨਾ ਸੁਭਾਵੇਂ ਰੂਪ ਵਿਚ ਮੌਜੂਦ ਹੁੰਦੀ ਹੈ। ਵਿਰੇਚਨ ਦੁਆਰਾ ਉਤੇਜਨਾ ਸ਼ਾਂਤ ਹੋ ਜਾਂਦੀ ਹੈ ਅਤੇ ਮਨ ਬਿਲਕੁਲ ਉਜਵਲ ਹੋ ਜਾਂਦਾ ਹੈ। ਇਹ ਮਾਨਸਿਕ ਸਥਿਤੀ ਰੋਗ ਵਿਕਾਰਾਂ ਤੋਂ ਮੁਕਤ ਹੋਣ ਦੇ ਕਾਰਣ ਨਿਸ਼ਚੇ ਹੀ ਸੁਖਦਾਈ ਹੁੰਦੀ ਹੈ। ਪੀੜ ਜਾਂ ਰੋਗ ਦੀ ਅਣਹੋਂਦ ਵੀ ਆਪਣੇ ਆਪ ਵਿਚ ਸੁਖ ਹੈ।

ਪ੍ਰੋ. ਬੁੱਚਰ ਨੇ ਦੁਖ ਵਿਚ ਸੁੱਖ ਦੀ ਸਮੱਸਿਆ ਦੇ ਸਮਾਧਾਨ ਵਿਚ ਅਰਸਤੂ ਦੇ ਅਧਾਰ ਤੇ ਦੋ ਹੋਰ ਪ੍ਰਮੁੱਖ ਕਾਰਨ ਦਿੱਤੇ ਹਨ। ਤ੍ਰਾਸ ਅਤੇ ਕਰੁਣਾ ਪ੍ਰਤੱਖ ਰੂਪ ਵਿਚ ਦੁਖਦਾਈ ਅਨੁਭੂਤੀਆਂ ਹਨ। ਪਰ ਤ੍ਰਾਸਦੀ ਵਿਚ ਉਹ ਵਿਅਕਤੀਗਤ ਢੰਗ ਤੋਂ ਮੁਕਤ ਸਧਾਰਨੀਕ੍ਰਿਤ ਰੂਪ ਵਿਚ ਉਪਸਥਿਤ ਹੁੰਦੀਆਂ ਹਨ। ਆਪੇ ਦੀ ਬੌਧਿਕ ਸੀਮਾ ਵਿਚ ਬੱਝੀਆਂ ਹੋਈਆਂ ਉਹ ਕੌੜੀਆਂ ਅਨੁਭੂਤੀਆਂ ਹਨ, ਪਰ ਆਪੇ ਦੀ ਲਘੂਤਾ ਤੋਂ ਮੁਕਤ ਹੋ ਕੇ ਉਨ੍ਹਾਂ ਦੀ ਕੁੜੱਤਣ ਨਸ਼ਟ ਹੋ ਜਾਂਦੀ ਹੈ। ਆਪਣੇ /ਆਪੇ ਦਾ ਇਹ ਵਿਸਥਾਰ ਜਾਂ ਉਪਰ ਉਠਣਾ ਇਕ ਉਦਾਤ ਅਤੇ ਸੁਖਦਾਈ ਅਨੁਭੂਤੀ ਹੈ। ਦੂਸਰਾ ਕਾਰਨ ਇਹ ਹੈ ਕਿ ਕਲਾਤਮਕ ਪ੍ਰਕਿਰਿਆ, ਕਲਾ ਦੀ ਪ੍ਰਕਿਰਿਆ ਦਾ ਬੁਨਿਆਦੀ ਸਿਧਾਂਤ ਵੀ ਇਹ ਹੈ ਕਿ ਇਸ ਪ੍ਰਕਿਰਿਆ ਵਿਚ ਪੈ ਕੇ ਤ੍ਰਾਸ ਤੇ ਕਰੁਣਾ ਦਾ ਡੰਗ ਨਸ਼ਟ ਹੋ ਜਾਂਦਾ ਹੈ। ਦੁੱਖ ਸੁੱਖ ਵਿਚ ਵੱਟ ਜਾਂਦਾ ਹੈ।

ਅਰਸਤੂ ਦੇ ਵਿਚਾਰ ਧਾਰੇ ਡਾ. ਨਗੇਂਦਰ ਨੇ ਵਿਰੇਚਨ ਸਿਧਾਂਤ ਅਤੇ ਭਾਰਤ ਦੇ ਰਸ ਸਿਧਾਂਤ ਦੇ ਤੁਲਨਾਤਮਕ ਅਧਿਐਨ ਵਿਚ ਬੜਾ ਮਹੱਤਵਪੂਰਨ ਕੰਮ ਕੀਤਾ ਹੈ।

ਡਾ. ਨਗੇਂਦਰ ਅਨੁਸਾਰ,(1)

"ਅਰਸਤੂ ਦਾ ਵਿਰੇਚਨ ਸਿਧਾਂਤ ਭਾਰਤ ਦੇ ਰਸ ਸਿਧਾਂਤ ਤੋਂ

ਬਹੁਤਾ ਵੱਖਰਾ ਨਹੀਂ ਹੈ- ਇਹ ਕਹਿਣਾ ਅਸੰਗਤ ਨਹੀਂ ਹੋਵੇਗਾ ਕਿ ਭਾਰਤੀ ਰਸ ਸਿਧਾਂਤ ਵਿਚ ਇਕ ਪ੍ਰਕਾਰ ਨਾਲ ਵਿਰੇਚਨ ਸਿਧਾਂਤ ਸ਼ਾਮਿਲ ਹੀ ਹੈ।

ਇਸ ਪ੍ਰਕਾਰ ਮਾਨਸਿਕ ਸ਼ਾਂਤੀ ਰਸ ਸਿਧਾਂਤ ਦੀ ਹੀ ਅਵਸਥਾ ਹੈ, ਜਦੋਂ ਸਹਿਰਦ ਸ੍ਰੋਤੇ ਦਾ ਮਨ-ਰੂਪੀ ਸ਼ੀਸ਼ਾ ਭੌਤਿਕ ਵਿਕਾਰਾਂ ਤੋਂ ਪੈਦਾ ਹੋਣ ਵਾਲੀ ਮੈਲ ਤੋਂ ਮੁਕਤ ਹੋ ਜਾਂਦਾ ਹੈ ਤਾਂ 'ਤਮੋ' ਅਤੇ 'ਰਜੋ' ਗੁਣ ਲੋਪ ਹੋ ਜਾਂਦੇ ਹਨ ਅਤੇ 'ਸਤੋ' ਗੁਣ ਦੀ ਵਿਆਪਕਤਾ ਦੀ ਸਥਿਤੀ ਇਹ ਹੈ। ਭਾਰਤੀ ਕਾਵਿ ਸ਼ਾਸਤਰ ਦੇ ਕਰੁਣ ਰਸ ਅਤੇ ਤ੍ਰਾਸਦੀ ਦੇ ਸਿਧਾਂਤ ਵਿਚ ਮੌਲਿਕ ਅੰਤਰ ਇਹ ਹੈ ਕਿ ਕਰੁਣਾ ਰਸ ਉਦਵੇਗਾਂ ਦਾ ਠੰਡਿਆਂ ਹੋਣਾ ਮਾਤਰ ਨਹੀਂ ਹੈ। ਸਗੋਂ ਉਸ ਦਾ ਭੋਗ ਹੈ।

ਅਰਸਤੂ ਦੇ ਵਿਚਾਰਾਂ ਉਪਰ ਇਹ ਵੀ ਇਤਰਾਜ਼ ਕੀਤਾ ਜਾਂਦਾ ਹੈ ਕਿ ਜੇ ਤ੍ਰਾਸਦੀ ਆਪਣੇ ਆਪ ਵਿਚ ਇਕ ਅਨੁਕਰਣ ਰਚਨਾ ਹੈ ਤਾਂ ਇਹ ਅਸਲੀਅਤ ਤੋਂ ਦੂਰ ਰਚਨਾ ਹੈ ਅਤੇ ਇਹ ਤ੍ਰਾਸ ਦੇ ਭਾਵ ਕਿਵੇਂ ਪੈਦਾ ਕਰ ਸਕਦੀ ਹੈ। ਇਕ ਹੋਰ ਵਿਦਵਾਨ ਆਲੋਚਕ ਨੇ ਕਿਹਾ ਹੈ ਕਿ ਅਰਸਤੂ ਆਪਣੇ ਵਿਰੇਚਨ ਸਿਧਾਂਤ ਵਿਚ ਪ੍ਰੇਮ ਅਤੇ ਸ਼ਲਾਘਾ ਆਦਿ ਭਾਵਾਂ ਦਾ ਜ਼ਿਕਰ ਨਾ ਕਰਕੇ ਗਲਤੀ ਕਰਦਾ ਹੈ। ਉਸ ਅਨੁਸਾਰ ਤ੍ਰਾਸਦੀ ਸਿਰਫ਼ ਕਰੁਣਾ ਤੇ ਭੈਅ ਦੀ ਸ਼ੁੱਧੀ ਹੀ ਨਹੀਂ ਕਰਦੀ ਸਗੋਂ ਪਾਪ, ਕ੍ਰੋਧ, ਹੌਮੈ ਆਦਿ ਮਨੋਭਾਵਾਂ ਦੀ ਵਿਰੇਚਨਾ ਵੀ ਕਰਦੀ ਹੈ।